# ਗ੍ਰਾਮ ਪੰਚਾਇਤ ਪਿੰਡ ਮਾਖਾ (ਮਾਨਸਾ)

ਗਾ ਸਿੰਘ

ਸਰਪੰਚ ਮੋ : 98768-22109

ਤਰੀਖ : ...........

2024423415
14/3/2024

ਸੇਵਾ ਵਿਖੇ

ਮਾਨਯੋਗ ਏ.ਡੀ.ਸੀ. (ਜ) ਸਾਹਿਬ,
ਮਾਨਸਾ।

ਵਿਸ਼ਾ:- **ਸ.ਹ.ਸ. ਮਾਖਾ ਨੂੰ ਅਪਗਰੇਡ ਕਰਵਾਕੇ ਸੀਨੀਅਰ ਸੈਕੰਡਰੀ ਸਕੂਲ ਬਣਾਉਣ ਸਬੰਧੀ ਬੇਨਤੀ ਪੱਤਰ।**

ਸ਼੍ਰੀਮਾਨ ਜੀ,

ਬੇਨਤੀ ਹੈ ਕਿ ਆਪ ਜੀ ਨੂੰ ਪਹਿਲਾਂ ਹੀ ਬੇਨਤੀ ਕੀਤੀ ਜਾ ਚੁੱਕੀ ਹੈ ਕਿ ਸ.ਹ.ਸ. ਮਾਖਾ ਨੂੰ ਅਪਗਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਜਾਵੇ। ਜਿਸ ਉੱਤੇ ਕਾਰਵਾਈ ਕਰਦੇ ਹੋਏ ਆਪ ਜੀ ਵੱਲੋਂ ਜਿਲ੍ਹਾ ਸਿੱਖਿਆ ਅਫਸਰ, ਮਾਨਸਾ ਨੂੰ ਲਿਖਿਆ ਗਿਆ ਸੀ, ਪਰੰਤੂ ਉਸ ਅਰਜੀ ਉੱਪਰ ਇਹ ਇਤਰਾਜ ਲਗਾਇਆ ਗਿਆ ਹੈ ਕਿ **ਸ.ਹ.ਸ. ਮਾਖਾ ਤੋਂ ਸੀਨੀਅਰ ਸੈਕੰਡਰੀ ਸਕੂਲ ਮੂਸਾ ਦੀ ਦੂਰੀ 5.5 ਕਿਲੋਮੀਟਰ ਹੈ, ਜੋ ਕਿ ਗਲਤ ਹੈ। ਜਦੋਂ ਕਿ ਸਚਾਈ ਇਹ ਹੈ ਕਿ ਸ.ਸ.ਸ.ਸ. ਮੂਸਾ ਦੀ ਦੂਰੀ ਸ.ਹ.ਸ. ਮਾਖਾ ਤੋ ਲਗਭਗ 7 ਕਿਲੋਮੀਟਰ ਹੈ।ਸ.ਸ.ਸ.ਸ. ਰਾਏਪੁਰ ਦੀ ਦੂਰੀ ਵੀ ਸ.ਹ.ਸ. ਮਾਖਾ ਤੋਂ 7 ਕਿਲੋਮੀਟਰ ਤੋਂ ਜਿਆਦਾਹੈ।**ਸ.ਸ.ਸ.ਸ ਪਿੰਡ ਮੂਸਾ ਵਿੱਚ ਜਾਣ ਲਈ ਬੱਚਿਆ ਨੂੰ ਪਿੰਡ ਗਾਗੋਵਾਲ ਹੋ ਕੇ ਜਾਣਾ ਪੈਂਦਾ ਹੈ। ਜਿਸ ਕਰਕੇ ਇਹ ਦੂਰੀ ਹੋਰ ਵੀ ਵੱਧ ਜਾਂਦੀ ਹੈ। ਜਿਕਰਯੋਗ ਹੈ ਕਿ ਸ.ਸ.ਸ.ਸ ਮੂਸਾ ਜਾਣ ਲਈ ਇੱਕ ਸਟੇਟ ਹਾਈਵੇ ਜੋ ਕਿ ਮਾਨਸਾ ਤੋਂ ਤਲਵੰਡੀ ਸਾਬੋ ਨੂੰ ਜਾਂਦਾ ਹੈ, ਉਹ ਵੀ ਵਿਦਿਆਰਥੀਆਂ ਨੂੰ ਪਾਰ ਕਰਨਾ ਪੈਂਦਾ ਹੈ। ਇਸ ਸਟੇਟ ਹਾਈਵੇ ਤੇ ਬਹੁਤ ਜਿਆਦਾ ਆਵਾਜਾਈ ਹੋਣ ਕਰਕੇ ਇਹ ਬਹੁਤ ਹੀ ਜੋਖਮ ਭਰਿਆ ਕੰਮ ਹੈ ਜੋ ਕਿਸੇ ਸਮੇ ਵੀ ਵੱਡੇ ਹਾਦਸੇ ਨੂੰ ਜਨਮ ਦੇ ਸਕਦਾ ਹੈ। ਜਦੋਂ ਕਿ ਸ.ਹ.ਸ. ਮਾਖਾ ਅਪਗਰੇਡ ਹੋਣ ਸਬੰਧੀ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਸੋ ਕਿਰਪਾ ਕਰਕੇ ਉਪਰੋਕਤ ਅਰਜੀ ਨੂੰ ਦੁਬਾਰਾ ਵਾਚਿਆ ਜਾਵੇ ਅਤੇ ਪਿੰਡ ਮਾਖਾ ਦੇ ਸਕੂਲ ਨੂੰ ਅਪਗਰੇਡ ਕਰਕੇ ਸੀਨੀਅਰ ਸੈਕੰਡਰੀ ਸਕੂਲ ਬਣਾਇਆ ਜਾਵੇ। ਪਿੰਡ ਮਾਖਾ ਦੀ ਪੰਚਾਇਤ ਅਤੇ ਨਗਰ ਵੱਲੋਂ ਇਸ ਸਬੰਧੀ ਹਰ ਪ੍ਰਕਾਰ ਦਾ ਸਹਿਯੋਗ ਆਪ ਜੀ ਨੂੰ ਦਿੱਤਾ ਜਾਵੇਗਾ।

ਧੰਨਵਾਦ ਸਹਿਤ।

ਮਿਤੀ:07.03.2024,

ਬੇਨਤੀ ਕਰਤਾ

ਸਰਪੰਚ
ਗ੍ਰਾਮ ਪੰਚਾਇਤ
ਪਿੰਡ ਮਾਖਾ (ਮਾਨਸਾ)

Kuldeep Singh
99152-08856

98150 99854

ਪਿੱਠ ਅੰਕਣ ਨੰ: 9382

ਮਿਤੀ: 18/03/2024

ਮੂਲ ਰੂਪ ਵਿਚ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਮੁੱਖ ਕਾਰਜਕਾਰੀ ਅਫਸਰ
ਜਿਲ੍ਹਾ ਪ੍ਰੀਸ਼ਦ, ਮਾਨਸਾ।